ਮਿੱਠੇ ਬੱਚੇ:- "ਮਿੱਠੇ ਬੱਚੇ :- ਆਪਣੀ ਬੁੱਧੀ ਅਤੇ ਵਿੱਚਾਰਾਂ ਨੂੰ ਇਤਨਾ ਸ਼ੁੱਧ, ਸਾਫ਼ ਬਣਾਓ ਜੋ ਸ਼੍ਰੀਮਤ ਨੂੰ ਪੂਰੀ ਤਰ੍ਹਾਂ ਧਾਰਨਾ ਕਰ ਬਾਪ ਦਾ ਨਾਮ ਬਾਲਾ ਕਰ ਸਕੋ"

ਪ੍ਰਸ਼ਨ:- ਬੱਚਿਆਂ ਦੀ ਕਿਹੜੀ ਅਵਸਥਾ ਹੀ ਬਾਪ ਦਾ ਸ਼ੋ ਕਰੇਗੀ?

ਉੱਤਰ:- ਜਦੋਂ ਬੱਚਿਆਂ ਦੀ ਨਿਰੰਤਰ ਹਰਸ਼ਿਤਮੁਖ, ਅਚਲ - ਅਡੋਲ, ਸਥਿਤ ਅਤੇ ਮਸਤ ਅਵਸਥਾ ਬਣੇ ਉਦੋਂ ਬਾਪ ਦਾ ਸ਼ੋ ਕਰ ਸਕਣ। ਅਜਿਹੀ ਇਕਰਸ ਅਵਸਥਾ ਵਾਲੇ ਹੁਸ਼ਿਆਰ ਬੱਚੇ ਹੀ ਪੂਰੀ ਤਰ੍ਹਾਂ ਸਭ ਨੂੰ ਬਾਪ ਦਾ ਪਰੀਚੇ ਦੇ ਸਕਦੇ ਹਨ।

ਗੀਤ:- ਮਰਨਾ ਤੇਰੀ ਗਲੀ ਵਿੱਚ...

ਓਮ ਸ਼ਾਂਤੀ। ਬੱਚਿਆਂ ਨੇ ਗੀਤ ਸੁਣਿਆ। ਕਹਿੰਦੇ ਹਨ ਆਏ ਹਾਂ ਤੇਰੇ ਦਰ ਤੇ ਜਿਉਂਦੇ ਜੀ ਮਰਨ ਦੇ ਲਈ। ਕਿਸਦੇ ਦਰ ਤੇ? ਫਿਰ ਵੀ ਇਹ ਗੱਲ ਨਿਕਲਦੀ ਹੈ ਜੇਕਰ ਗੀਤਾ ਦਾ ਭਗਵਾਨ ਸ਼੍ਰੀਕ੍ਰਿਸ਼ਨ ਕਹੀਏ ਤਾਂ ਇਹ ਸਭ ਗੱਲਾਂ ਹੋ ਨਾ ਸਕਣ। ਨਾ ਸ਼੍ਰੀਕ੍ਰਿਸ਼ਨ ਇੱਥੇ ਹੋ ਸਕੇ। ਉਹ ਤਾਂ ਹੈ ਸਤਿਯੁਗ ਦਾ ਪ੍ਰਿੰਸ। ਗੀਤਾ ਕੋਈ ਸ਼੍ਰੀਕ੍ਰਿਸ਼ਨ ਨੇ ਨਹੀਂ ਸੁਣਾਈ, ਗੀਤਾ ਤਾਂ ਪਰਮਪਿਤਾ ਨੇ ਸੁਣਾਈ। ਸਾਰਾ ਮਦਾਰ ਇਕ ਗੱਲ ਤੇ ਹੈ। ਭਗਤੀ ਵਿੱਚ ਤੁਸੀਂ ਇੰਨੀ ਮਿਹਨਤ ਕਰਦੇ ਆਏ ਹੋ ਉਹ ਤਾਂ ਲੋੜ ਨਹੀਂ। ਇਹ ਤਾਂ ਸੈਕਿੰਡ ਦੀ ਗੱਲ ਹੈ। ਸਿਰਫ਼ ਇਹ ਇੱਕ ਗੱਲ ਹੀ ਸਿੱਧ ਕਰਨ ਦੇ ਲਈ ਵੀ ਬਾਪ ਨੂੰ ਕਿੰਨੀ ਮਿਹਨਤ ਕਰਨੀ ਪੈਂਦੀ ਹੈ। ਕਿੰਨੀ ਨਾਲੇਜ਼ ਦੇਣੀ ਪੈਂਦੀ ਹੈ। ਪ੍ਰਾਚੀਨ ਨਾਲੇਜ਼ ਜੋ ਭਗਵਾਨ ਨੇ ਦਿੱਤੀ ਹੈ ਉਹ ਹੀ ਨਾਲੇਜ਼ ਹੈ, ਸਾਰੀ ਗੱਲ ਗੀਤਾ ਤੇ ਹੈ। ਪਰਮਪਿਤਾ ਪਰਮਾਤਮਾ ਨੇ ਹੀ ਦੇਵੀ - ਦੇਵਤਾ ਧਰਮ ਦੀ ਸਥਾਪਨਾ ਦੇ ਲਈ ਸਹਿਜ ਰਾਜਯੋਗ ਅਤੇ ਗਿਆਨ ਸਿਖਾਇਆ ਹੈ, ਜੋ ਹੁਣ ਪ੍ਰਾਯ ਲੋਪ ਹੈ। ਮਨੁੱਖ ਤਾਂ ਸਮਝਦੇ ਹਨ ਸ਼੍ਰੀਕ੍ਰਿਸ਼ਨ ਕਦੇ ਫਿਰ ਆਕੇ ਗੀਤਾ ਸੁਣਾਏਗਾ। ਪਰ ਹੁਣ ਤੁਹਾਨੂੰ ਇਹ ਚੰਗੀ ਤਰ੍ਹਾਂ ਗੋਲੇ ਦੇ ਚਿੱਤਰ ਤੇ ਸਿੱਧ ਕਰਨਾ ਹੈ ਕਿ ਗੀਤਾ ਪਾਰਲੌਕਿਕ ਪਰਮਪਿਤਾ ਪਰਮਾਤਮਾ ਗਿਆਨ ਸਾਗਰ ਨੇ ਸੁਣਾਈ। ਸ਼੍ਰੀਕ੍ਰਿਸ਼ਨ ਦੀ ਮਹਿਮਾ ਹੋਰ ਹੈ, ਪਰਮਪਿਤਾ ਪਰਮਾਤਮਾ ਦੀ ਮਹਿਮਾ ਹੋਰ ਹੈ। ਉਹ ਹੈ ਸਤਿਯੁਗ ਦਾ ਪ੍ਰਿੰਸ, ਜਿਸਨੇ ਸਹਿਜ ਰਾਜਯੋਗ ਨਾਲ ਰਾਜ- ਭਾਗ ਪਾਇਆ ਹੈ। ਪੜ੍ਹਦੇ ਸਮੇਂ ਨਾਮ ਰੂਪ ਤੋਂ ਹੋਰ ਹੈ ਅਤੇ ਫਿਰ ਰਾਜ ਪਾਇਆ ਉਦੋਂ ਹੋਰ ਹੈ - ਇਹ ਸਿੱਧ ਕਰ ਦੱਸਣਾ ਹੈ। ਪਤਿਤ - ਪਾਵਨ ਹੈ ਹੀ ਇੱਕ ਬਾਪ। ਹੁਣ ਫਿਰ ਤੋਂ ਸ਼੍ਰੀਕ੍ਰਿਸ਼ਨ ਦੀ ਆਤਮਾ ਪਤਿਤ - ਪਾਵਨ ਦਵਾਰਾ ਰਾਜਯੋਗ ਸਿੱਖ ਭਵਿੱਖ ਪਾਵਨ ਦੁਨੀਆਂ ਦਾ ਪ੍ਰਿੰਸ ਬਣ ਰਹੀ ਹੈ। ਇਹ ਸਿੱਧ ਕਰ ਸਮਝਾਉਣ ਵਿੱਚ ਵੀ ਯੁਕਤੀਆਂ ਚਾਹੀਦੀਆਂ ਹਨ। ਫ਼ਾਰਨੇਰਸ ਨੂੰ ਵੀ ਸਿੱਧ ਕਰ ਦੱਸਣਾ ਪੈਂਦਾ ਹੈ। ਨੰਬਰਵਨ ਹੈ ਹੀ ਗੀਤਾ। ਸਰਵ ਸ਼ਾਸਤਰ -ਮਈ ਸ਼੍ਰੀਮਤ ਭਗਵਤ ਗੀਤਾ ਮਾਤਾ। ਹੁਣ ਮਾਤਾ ਨੂੰ ਜਨਮ ਕਿਸਨੇ ਦਿੱਤਾ? ਬਾਪ ਹੀ ਮਾਤਾ ਨੂੰ ਐਡੋਪਟ ਕਰਦੇ ਹਨ ਨਾ। ਗੀਤਾ ਕਿਸਨੇ ਸੁਣਾਈ? ਇਵੇਂ ਨਹੀਂ ਕਹਾਂਗੇ ਕਿ ਕ੍ਰਾਇਸਟ ਨੇ ਬਾਈਬਲ ਨੂੰ ਐਡਾਪਟ ਕੀਤਾ। ਕ੍ਰਾਇਸਟ ਨੇ ਜੋ ਸਿੱਖਿਆ ਦਿੱਤੀ ਉਹਨਾਂ ਦਾ ਫਿਰ ਬਾਈਬਲ ਬਣਾਕੇ ਪੜ੍ਹਾਉਂਦੇ ਹਨ। ਹੁਣ ਗੀਤਾ ਦੀ ਸਿੱਖਿਆ ਕਿਸਨੇ ਦਿਤੀ, ਜੋ ਫਿਰ ਬਾਅਦ ਵਿੱਚ ਪੁਸਤਕ ਬਣਾਕੇ ਪੜ੍ਹਾਉਂਦੇ ਰਹਿੰਦੇ ਹਨ? ਇਹ ਕਿਸੇਨੂੰ ਪਤਾ ਨਹੀਂ। ਹੋਰ ਸਭਦੇ ਸ਼ਾਸਤਰਾਂ ਦਾ ਤਾਂ ਪਤਾ ਹੈ। ਇਹ ਜੋ ਸਹਿਜ ਰਾਜਯੋਗ ਸਿੱਖਿਆ ਹੈ, ਉਹ ਕਿਸਨੇ ਦਿੱਤੀ ਹੈ, ਇਹ ਸਿੱਧ ਕਰ ਦੱਸਣਾ ਹੈ। ਦੁਨੀਆਂ ਤੇ ਦਿਨ - ਪ੍ਰਤੀਦਿਨ ਤਮੋਂਪ੍ਰਧਾਨ ਬਣਦੀ ਜਾਂਦੀ ਹੈ। ਇਹ ਸਭ ਸਾਫ਼ ਬੁੱਧੀ ਵਿੱਚ ਹੀ ਬੈਠ ਸਕਦਾ ਹੈ। ਜੋ ਸ਼੍ਰੀਮਤ ਤੇ ਨਹੀਂ ਚਲਦੇ, ਉਹਨਾਂ ਨੂੰ ਧਾਰਨਾ ਹੋ ਨਾ ਸਕੇ। ਸ਼੍ਰੀਮਤ ਕਹੇਗੀ ਤੁਸੀਂ ਬਿਲਕੁਲ ਸਮਝ ਨਹੀਂ ਸਕਦੇ ਹੋ। ਆਪਣੇ ਨੂੰ ਗਿਆਨੀ ਨਾ ਸਮਝੋ। ਪਹਿਲੇ ਤਾਂ ਮੁੱਖ ਗੱਲ ਇਹ ਸਿੱਧ ਕਰਨੀ ਹੈ ਕਿ ਗੀਤਾ ਦਾ ਭਗਵਾਨ ਪਰਮਪਿਤਾ ਪਰਮਾਤਮਾ ਹੈ, ਉਹ ਹੀ ਪਤੀਤ - ਪਾਵਨ ਹਨ। ਮਨੁੱਖ ਤਾਂ ਸਰਵਵਿਆਪੀ ਕਹਿ ਦਿੰਦੇ ਹਨ ਅਤੇ ਬ੍ਰਹਮ ਤਤ੍ਵ ਕਹਿ ਦਿੰਦੇ। ਜੋ ਆਇਆ ਸੋ ਕਹਿ ਦਿੰਦੇ - ਬਿਗਰ ਅਰਥ ਭੁੱਲ ਸਾਰੀ ਗੀਤਾ ਤੋਂ ਨਿਕਲੀ ਹੈ, ਜੋ ਗੀਤਾ ਦਾ ਭਗਵਾਨ ਸ਼੍ਰੀਕ੍ਰਿਸ਼ਨ ਕਹਿ ਦਿਤਾ ਹੈ। ਤਾਂ ਸਮਝਾਉਣ ਲਈ ਗੀਤਾ ਉਠਾਣੀ ਪਵੇ। ਬਨਾਰਸ ਵਾਲੇ ਗੁਪਤਾ ਜੀ ਨੂੰ ਵੀ ਕਹਿੰਦੇ ਸੀ ਕਿ ਬਨਾਰਸ ਵਿੱਚ ਇਹ ਸਿੱਧ ਕਰ ਦੱਸੋ ਕਿ ਗੀਤਾ ਦਾ ਭਗਵਾਨ ਸ਼੍ਰੀਕ੍ਰਿਸ਼ਨ ਨਹੀਂ। ਹੁਣ ਸੰਮੇਲਨ ਤਾਂ ਹੁੰਦੇ ਹਨ, ਸਭ ਰਿਲੀਜਸ ਮਨੁੱਖ ਕਹਿੰਦੇ ਹਨ ਕੀ ਉਪਾਏ ਕਰੀਏ ਜੋ ਸ਼ਾਂਤੀ ਹੋ ਜਾਏ? ਹੁਣ ਸ਼ਾਂਤੀ ਸਥਾਪਨ ਕਰਨਾ ਪਤਿਤ ਮਨੁੱਖਾਂ ਦੇ ਹੱਥ ਵਿੱਚ ਤਾਂ ਹੈ ਨਹੀਂ। ਕਹਿੰਦੇ ਵੀ ਹਨ ਪਤਿਤ -ਪਾਵਨ ਆਓ। ਫਿਰ ਵੀ ਪਤਿਤ ਕਿਵੇਂ ਸ਼ਾਂਤੀ ਸਥਾਪਨ ਕਰ ਸਕਦੇ, ਜਦੋਂਕਿ ਬੁਲਾਉਂਦੇ ਰਹਿੰਦ ਹਨ ਪਰ ਪਤਿਤ ਤੋਂ ਪਾਵਨ ਬਣਾਉਣ ਵਾਲੇ ਬਾਪ ਨੂੰ ਜਾਣਦੇ ਨਹੀਂ ਹਨ। ਭਾਰਤ ਪਾਵਨ ਸੀ, ਹੁਣ ਪਤਿਤ ਹੈ। ਹੁਣ ਪਤਿਤ - ਪਾਵਨ ਕੌਣ ਹਨ? ਇਹ ਕਿਸੇ ਦੀ ਬੁੱਧੀ ਵਿੱਚ ਨਹੀਂ ਆਉਂਦਾ। ਕਹਿ ਦਿੰਦੇ ਹਨ ਰਘੁਪਤਿ ਰਾਘਵ... ਹੁਣ ਤਾਂ ਉਹ ਰਾਮ ਤਾਂ ਹੈ ਨਹੀਂ। ਝੂਠਾ ਬੁਲਾਵਾ ਕਰਦੇ ਹਨ। ਜਾਣਦੇ ਕੁਝ ਨਹੀਂ। ਹੁਣ ਇਹ ਕੌਣ ਜਾਕੇ ਦੱਸੇ? ਬੜੇ ਚੰਗੇ ਬੱਚੇ ਚਾਹੀਦੇ ਹਨ। ਸਮਝਾਉਣ ਦੀ ਬੜੀ ਯੁਕਤੀ ਚਾਹੀਦੀ ਹੈ। ਵੱਡਾ ਗੋਲਾ ਵੀ ਬਣਵਾਇਆ ਹੈ, ਜਿਸ ਨਾਲ ਸਿੱਧ ਹੋ ਜਾਏ ਕਿ ਗੀਤਾ ਭਗਵਾਨ ਨੇ ਰਚੀ। ਉਹ ਤਾਂ ਕਹਿ ਦਿੰਦੇ ਹਨ ਕੋਈ ਵੀ ਹੋਵੇ, ਹੈ ਤਾਂ ਸਭ ਭਗਵਾਨ। ਬਾਪ ਕਹਿੰਦੇ ਹਨ ਤੁਸੀਂ ਬੇਸਮਝ ਹੋ। ਮੈਂ ਆਕੇ ਪਾਵਨ ਰਾਜ ਸਥਾਪਨ ਕੀਤਾ, ਉਸਦੇ ਬਦਲੇ ਫਿਰ ਸ਼੍ਰੀਕ੍ਰਿਸ਼ਨ ਦਾ ਨਾਮ ਪਾ ਦਿੱਤਾ ਹੈ। ਪਤਿਤ ਨੂੰ ਪਾਵਨ ਬਣਾਕੇ ਫਸਟ ਪ੍ਰਿੰਸ ਬਣਾਉਂਦਾ ਹਾਂ। ਭਗਵਾਨੁਵਾਚ - ਮੈਂ ਸ਼੍ਰੀਕ੍ਰਿਸ਼ਨ ਦੀ ਆਤਮਾ ਨੂੰ ਏਡਾਪਡ ਕਰ ਬ੍ਰਹਮਾ ਬਣਾਏ ਉਹਨਾਂ ਦਵਾਰਾ ਗਿਆਨ ਦਿੰਦਾ ਹਾਂ। ਉਹ ਫਿਰ ਇਸ

ਸਹਿਜ ਰਾਜਯੋਗ ਨਾਲ ਫਸਟ ਪ੍ਰਿੰਸ ਸਤਿਯੁਗ ਦਾ ਬਣ ਜਾਂਦਾ ਹੈ। ਇਹ ਸਮਝਾਉਣੀ ਹੋਰ ਕਿਸੇ ਦੀ ਬੁੱਧੀ ਵਿੱਚ ਹੈ ਨਹੀਂ।

ਤੁਹਾਨੂੰ ਪਹਿਲੇ ਤਾਂ ਇਹ ਭੁੱਲ ਸਿੱਧਕਰ ਦਿਖਾਉਣੀ ਹੈ ਕਿ ਸ਼੍ਰੀਮਤ ਭਾਗਵਤ ਗੀਤਾ ਹੈ ਸਭ ਸ਼ਾਸਤਰਾਂ ਦੀ ਮਾਈ ਬਾਪ। ਉਸਦਾ ਰਚਿਯਤਾ ਕੌਣ ਸੀ? ਜਿਵੇਂ ਕਰਾਈਸਟ ਨੇ ਬਾਈਬਲ ਨੂੰ ਜਨਮ ਦਿੱਤਾ, ਉਹ ਹੈ ਕ੍ਰਿਸ਼ਚਨ ਧਰਮ ਦਾ ਸ਼ਾਸਤਰ। ਚੰਗਾ ਬਾਈਬਲ ਦਾ ਬਾਪ ਕੌਣ? ਕ੍ਰਾਇਸਟ। ਉਹਨਾਂ ਨੂੰ ਮਾਈ - ਬਾਪ ਨਹੀਂ ਕਹਾਂਗੇ। ਮਦਰ ਦੀ ਤਾਂ ਉੱਥੇ ਗੱਲ ਹੀ ਨਹੀਂ। ਇਹ ਤਾਂ ਇੱਥੇ ਮਾਤ -ਪਿਤਾ ਹਨ। ਕ੍ਰਿਸ਼ਚਨ ਨੇ ਰੀਸ ਕੀਤੀ ਹੈ ਸ਼੍ਰੀਕ੍ਰਿਸ਼ਨ ਦੇ ਧਰਮ ਨਾਲ, ਉਵੇਂ ਤਾਂ ਉਹ ਕ੍ਰਾਇਸਟ ਨੂੰ ਮੰਨਣ ਵਾਲੇ ਹਨ। ਜਿਵੇਂ ਬੁੱਧ ਨੇ ਧਰਮ ਸਥਾਪਨ ਕੀਤਾ ਤਾਂ ਬੋਧੀਆਂ ਦਾ ਸ਼ਾਸਤਰ ਹੈ। ਹੁਣ ਗੀਤਾ ਕਿਸਨੇ ਸੁਣਾਈ? ਉਹਨਾਂ ਨਾਲ ਕਿਹੜਾ ਧਰਮ ਸਥਾਪਨ ਹੋਇਆ? ਇਹ ਕੋਈ ਨਹੀਂ ਜਾਣਦੇ। ਕਦੀ ਨਹੀਂ ਕਹਿੰਦੇ ਕਿ ਪਤਿਤ - ਪਾਵਨ ਪਰਮਪਿਤਾ ਪਰਮਾਤਮਾ ਦਾ ਗਿਆਨ ਦਿਤਾ ਹੈ। ਹੁਣ ਗੋਲਾ ਅਜਿਹਾ ਬਣਾਇਆ ਹੈ, ਜਿਸਨਾਲ ਸਮਝ ਸਕਣ ਕਿ ਬਰੋਬਰ ਪਰਮਪਿਤਾ ਪਰਮਾਤਮਾ ਨੇ ਗਿਆਨ ਦਿੱਤਾ ਹੈ। ਰਾਧੇ - ਕ੍ਰਿਸ਼ਨ ਤਾਂ ਸਤਿਯੁਗ ਵਿੱਚ ਹਨ। ਉਹਨਾਂ ਨੇ ਖੁਦ ਨੂੰ ਤਾਂ ਗਿਆਨ ਨਹੀਂ ਦਿੱਤਾ। ਗਿਆਨ ਦੇਣ ਵਾਲਾ ਤਾਂ ਦੂਸਰਾ ਚਾਹੀਦਾ ਹੈ। ਕਿਸੇ ਨੇ ਤਾਂ ਉਨ੍ਹਾਂਨੂੰ ਪਾਸ ਕਰਾਇਆ ਹੋਵੇਗਾ। ਇਹ ਰਾਜਾਈ ਪ੍ਰਾਪਤ ਕਰਾਉਣ ਦਾ ਗਿਆਨ ਕਿਸਨੇ ਦਿੱਤਾ? ਕਿਸਮਤ ਆਪੇ ਤੇ ਨਹੀਂ ਬਣਦੀ। ਕਿਸਮਤ ਬਣਾਉਣ ਵਾਲਾ ਜਾਂ ਤਾਂ ਬਾਪ ਜਾਂ ਤਾਂ ਟੀਚਰ ਚਾਹੀਦਾ ਹੈ। ਕਹਿੰਦੇ ਹਨ ਗੁਰੂ ਗਤੀ ਦਿੰਦੇ ਹਨ। ਪਰ ਗਤੀ ਸਦਗਤੀ ਦਾ ਵੀ ਅਰਥ ਨਹੀਂ ਸਮਝਦੇ। ਪ੍ਰਵ੍ਰਿਤੀ ਮਾਰਗ ਵਾਲਿਆਂ ਦੀ ਸਦਗਤੀ ਹੁੰਦੀ ਹੈ। ਬਾਕੀ ਗਤੀ ਮਾਨਾ ਬਾਪ ਦੇ ਕੋਲ ਜਾਂਦੇ ਹਨ। ਇਹ ਗੱਲਾਂ ਕੋਈ ਵੀ ਸਮਝਦੇ ਨਹੀਂ। ਉਹ ਤਾਂ ਭਗਤੀ ਮਾਰਗ ਵਿੱਚ ਬਹੁਤ ਵੱਡੇ - ਵੱਡੇ ਦੁਕਾਨ ਖੋਲ੍ਹਕੇ ਬੈਠੇ ਹਨ। ਸੱਚੇ ਗਿਆਨ ਮਾਰਗ ਦੀ ਦੁਕਾਨ ਇਹ ਇੱਕ ਹੀ ਹੈ ਬਾਕੀ ਸਭ ਭਗਤੀ ਮਾਰਗ ਦੀਆਂ ਦੁਕਾਨਾਂ ਹਨ। ਬਾਪ ਕਹਿੰਦੇ ਹਨ ਇਹ ਵੇਦ ਸ਼ਾਸਤਰ ਆਦਿ ਸਭ ਭਗਤੀ ਮਾਰਗ ਦੀ ਸਮਗ੍ਰੀ ਹੈ। ਇਹਨਾਂ ਜਪ - ਤਪ, ਵੇਦ - ਸ਼ਾਸਤਰ ਆਦਿ ਦਾ ਅਧਿਅਨ ਕਰਨ ਨਾਲ ਮੈਂ ਨਹੀਂ ਮਿਲਦਾ ਹਾਂ। ਮੈਂ ਤਾਂ ਬੱਚਿਆ ਨੂੰ ਗਿਆਨ ਦੇਕੇ ਪਾਵਨ ਬਣਾਉਂਦਾ ਹਾਂ। ਸਾਰੀ ਸ੍ਰਿਸ਼ਟੀ ਦਾ ਸਦਗਤੀ ਦਾਤਾ ਹਾਂ। ਵਾਇਆ ਗਤੀ ਵਿੱਚ ਜਾਕੇ ਫਿਰ ਸਦਗਤੀ ਵਿੱਚ ਆਉਣਾ ਹੈ। ਸਭ ਤਾਂ ਸਤਿਯੁਗ ਵਿੱਚ ਨਹੀਂ ਆਉਣਗੇ। ਇਹ ਡਰਾਮਾ ਬਣਿਆ ਹੋਇਆ ਹੈ। ਜੋ ਕਲਪ ਪਹਿਲੇ ਤੁਹਾਨੂੰ ਸਿਖਾਇਆ ਸੀ, ਜੋ ਚਿੱਤਰ ਬਣਵਾਏ ਸਨ, ਉਹ ਹੁਣ ਬਣਵਾ ਰਹੇ ਹਨ।

ਮਨੁੱਖ ਕਹਿੰਦੇ ਹਨ ਤਿੰਨ ਧਰਮਾਂ ਦੀ ਟੰਗ ਤੇ ਸ੍ਰਿਸ਼ਟੀ ਖੜੀ ਹੈ। ਇੱਕ ਦੇਵਤਾ ਧਰਮ ਦੀ ਟੰਗ ਟੁੱਟੀ ਹੋਈ ਹੈ ਇਸਲਈ ਹਿਲਦੇ ਰਹਿੰਦੇ ਹਨ। ਪਹਿਲੇ ਇੱਕ ਧਰਮ ਰਹਿੰਦਾ ਜਿਸ ਨੂੰ ਅਦਵੈਤ ਰਾਜ ਕਿਹਾ ਜਾਂਦਾ ਹੈ। ਫਿਰ ਉਹ ਇਕ ਟੰਗ ਘੱਟ ਹੋ ਤਿੰਨ ਟੰਗਾਂ ਨਿਕਲਦੀਆਂ ਹਨ, ਜਿਸ ਵਿਚ ਕੁਝ ਵੀ ਤਾਕਤ ਨਹੀਂ ਰਹਿੰਦੀ ਹੈ। ਆਪਸ ਵਿੱਚ ਲੜਾਈ - ਝਗੜਾ ਚਲਦਾ ਰਹਿੰਦਾ ਹੈ। ਧਨੀ ਨੂੰ ਜਾਣਦੇ ਨਹੀਂ। ਨਿਧਨ ਕੇ ਬਣ ਪਏ ਹਨ। ਸਮਝਾਉਣ ਦੀ ਬੜੀ ਯੁਕਤੀ ਚਾਹੀਦੀ ਹੈ। ਪ੍ਰਦਰਸ਼ਨੀ ਤੋਂ ਵੀ ਇਹ ਗੱਲ ਸਮਝਾਉਣੀ ਹੈ ਕਿ ਗੀਤਾ ਦਾ ਭਗਵਾਨ ਸ਼੍ਰੀਕ੍ਰਿਸ਼ਨ ਨਹੀਂ ਹੈ, ਪਰਮਪਿਤਾ ਪਰਮਾਤਮਾ ਹੈ। ਜਿਸ ਦਾ ਬਰਥ ਪ੍ਲੇਸ ਭਾਰਤ ਹੈ। ਸ਼੍ਰੀਕ੍ਰਿਸ਼ਨ ਤੇ ਹੈ ਸਾਕਾਰ, ਉਹ ਹੈ ਨਿਰਾਕਾਰ। ਉਨ੍ਹਾਂ ਦੀ ਮਹਿਮਾ ਬਿਲਕੁਲ ਵੱਖ ਹੈ। ਅਜਿਹੀ ਯੁਕਤੀ ਨਾਲ ਕਾਰਟੂਨ ਬਨਾਉਣਾ ਚਾਹੀਦਾ ਹੈ ਜੋ ਸਿੱਧ ਹੋ ਜਾਵੇ ਕਿ ਗੀਤਾ ਕਿਸ ਨੇ ਗਾਈ? ਅਨਿਆਂ ਦੇ ਅੱਗੇ ਵੱਡੀ ਆਰਸੀ ( ਆਈਨਾ) ਰੱਖਣਾ ਹੈ। ਇਹ ਹੈ ਹੀ ਅਨਿਆਂ ਦੇ ਅੱਗੇ ਆਈਨਾ। ਜਿਆਦਾ ਟੂ ਮਚ ਵਿੱਚ ਨਹੀਂ ਜਾਣਾ ਹੈ। ਕੜੀ ਭੁੱਲ ਇਹ ਹੈ। ਪਰਮਪਿਤਾ ਪਰਮਾਤਮਾ ਦੀ ਮਹਿਮਾ ਵੱਖ ਹੈ, ਉਸ ਦੇ ਬਦਲੇ ਸ਼੍ਰੀਕ੍ਰਿਸ਼ਨ ਨੂੰ ਮਹਿਮਾ ਦੇ ਦਿੱਤੀ ਹੈ। ਲਕਸ਼ਮੀ - ਨਰਾਇਣ ਦੇ ਚਿਤ੍ਰ ਵਿੱਚ ਹੇਠਾਂ ਰਾਧੇ ਕ੍ਰਿਸ਼ਨ ਹਨ। ਉਹ ਹੀ ਫਿਰ ਲਕਸ਼ਮੀ - ਨਾਰਾਇਣ ਬਣਦੇ ਹਨ। ਲਕਸ਼ਮੀ - ਨਾਰਾਇਣ ਸਤਿਯੁਗ ਵਿੱਚ, ਰਾਮ - ਸੀਤਾ ਤ੍ਰੇਤਾ ਵਿੱਚ। ਪਹਿਲਾ ਨੰਬਰ ਬੱਚਾ ਸ਼੍ਰੀਕ੍ਰਿਸ਼ਨ ਹੈ, ਉਸ ਨੂੰ ਫਿਰ ਦਵਾਪਰ ਵਿੱਚ ਲੈ ਗਏ ਹਨ। ਇਹ ਸਭ ਹੈ ਭਗਤੀ ਮਾਰਗ ਦੀ ਨੂੰਧ। ਵਿਲਾਇਤ ਵਾਲੇ ਇਨ੍ਹਾਂ ਗੱਲਾਂ ਨੂੰ ਕੀ ਜਾਨਣ। ਡਰਾਮੇ ਅਨੁਸਾਰ ਇਹ ਗਿਆਨ ਕਿਸੇ ਦੇ ਕੋਲ ਵੀ ਹੈ ਨਹੀਂ। ਕਹਿੰਦੇ ਵੀ ਹਨ ਗਿਆਨ ਦਿਨ, ਭਗਤੀ ਰਾਤ। ਬ੍ਰਹਮਾ ਦਾ ਦਿਨ, ਬ੍ਰਹਮਾ ਦੀ ਰਾਤ। ਸਤਿਯੁਗ ਸਥਾਪਨ ਕਰਨ ਵਾਲਾ ਕੌਣ ਹੈ? ਬ੍ਰਹਮਾ ਆਇਆ ਕਿੱਥੋਂ ਤੋਂ? ਸੂਖਸ਼ਮ ਵਤਨ ਵਿਚ ਕਿੱਥੋਂ ਆਇਆ? ਪਰਮਪਿਤਾ ਪਰਮਾਤਮਾ ਹੀ ਸੂਖਸ਼ਮ ਸ੍ਰਿਸ਼ਟੀ ਰਚਦੇ ਹਨ। ਉੱਥੇ ਬ੍ਰਹਮਾ ਵਿਖਾਉਂਦੇ ਹਨ। ਪ੍ਰੰਤੂ ਉੱਥੇ ਤੇ ਪ੍ਰਜਾਪਿਤਾ ਗਹਿਮਾ ਹੁੰਦਾ ਨਹੀਂ। ਜਰੂਰ ਪ੍ਰਜਾਪਿਤਾ ਬ੍ਰਹਮਾ ਹੋਰ ਹੈ। ਉਹ ਕਿੱਥੋਂ ਆਇਆ, ਇਹ ਗੱਲਾਂ ਕੋਈ ਸਮਝ ਨਹੀਂ ਸਕਦੇ। ਸ਼੍ਰੀਕ੍ਰਿਸ਼ਨ ਦੇ ਅੰਤਿਮ ਜਨਮ ਵਿੱਚ ਉਨ੍ਹਾਂ ਨੂੰ ਪਰਮਾਤਮਾ ਨੇ ਆਪਣਾ ਰਥ ਬਣਾਇਆ ਹੈ, ਇਹ ਕਿਸੇ ਦੀ ਬੁੱਧੀ ਵਿੱਚ ਨਹੀਂ ਹੈ।

ਇਹ ਬੜਾ ਭਾਰੀ ਕਲਾਸ ਹੈ। ਟੀਚਰ ਤੇ ਸਮਝਦੇ ਹਨ ਨਾ - ਇਹ ਸਟੂਡੈਂਟ ਕਿਸ ਤਰ੍ਹਾਂ ਦਾ ਹੈ? ਤਾਂ ਕੀ ਬਾਪ ਨਹੀਂ ਸਮਝਦੇ ਹੋਣਗੇ? ਇਹ ਬੇਹੱਦ ਦੇ ਬਾਪ ਦਾ ਕਲਾਸ ਹੈ। ਇੱਥੇ ਦੀ ਗੱਲ ਹੀ ਨਿਰਾਲੀ ਹੈ। ਸ਼ਾਸਤਰਾਂ ਵਿੱਚ ਤੇ ਪ੍ਰਲਯ ਆਦਿ ਵਿਖਾਕੇ ਕਿੰਨਾਂ ਰੌਲਾ ਕਰ ਦਿੱਤਾ ਹੈ। ਕਿੰਨਾ ਘਮੰਡ ਹੈ। ਰਾਮਾਇਣ ਆਦਿ ਕਿਵੇਂ ਬੈਠ ਸੁਣਾਉਂਦੇ ਹਨ। ਸ਼੍ਰੀਕ੍ਰਿਸ਼ਨ ਨੇ ਤਾਂ ਗੀਤਾ ਸੁਣਾਈ ਨਹੀਂ। ਉਸ ਨੇ ਤਾਂ ਗੀਤਾ ਦਾ ਗਿਆਨ ਸੁਣਕੇ ਰਾਜ ਪਦਵੀ ਪਾਈ ਹੈ। ਸਿੱਧ ਕਰ ਸਮਝਾਉਂਦੇ ਹਨ, ਗੀਤਾ ਦਾ ਭਗਵਾਨ ਇਹ ਹੈ। ਉਨ੍ਹਾਂ ਦੇ ਗੁਣ ਇਹ ਹਨ, ਸ਼੍ਰੀ ਕ੍ਰਿਸ਼ਨ ਦੇ ਗੁਣ ਇਹ ਹਨ। ਇਸ ਭੁੱਲ ਦੇ ਕਾਰਣ ਹੀ ਭਾਰਤ ਕੌਡੀ ਵਰਗਾ ਬਣਿਆ ਹੈ। ਤੁਸੀਂ ਮਾਤਾਵਾਂ ਉਨ੍ਹਾਂ ਨੂੰ ਕਹਿ ਸਕਦੀ ਹੋ ਕਿ ਤੁਸੀ ਲੋਕ ਕਹਿੰਦੇ ਹੋ ਮਾਤਾ ਨਰਕ ਦਾ ਦਵਾਰ ਹੈ ਪ੍ਰੰਤੂ ਪਰਮਤਮਾ ਨੇ ਤਾਂ ਗਿਆਨ ਦਾ ਕਲਸ਼ ਮਾਤਾਵਾਂ ਦੇ ਸਿਰ ਤੇ ਰੱਖਿਆ ਹੈ, ਮਾਤਾਵਾਂ ਹੀ ਸਵਰਗ ਦਾ ਦਵਾਰ ਬਣਦੀਆਂ ਹਨ। ਤੁਸੀਂ ਨਿੰਦਾ ਕਰ ਰਹੇ ਹੋ। ਪ੍ਰੰਤੂ ਬੋਲਣ ਵਾਲੇ ਬੜੇ ਹੁਸ਼ਿਆਰ ਚਾਹੀਦੇ ਹਨ। ਪੁਆਇੰਟਸ ਸਭ ਨੋਟ ਕਰ ਸਮਝਾਉਣਾ ਚਾਹੀਦਾ ਹੈ। ਭਗਤੀ ਮਾਰਗ ਅਸਲ ਵਿਚ ਗ੍ਰਹਿਸਥੀਆਂ ਦੇ ਲਈ ਹੈ। ਇਹ ਹੈ ਪ੍ਰਵ੍ਰਤੀ ਮਾਰਗ

ਦਾ ਸਹਿਜ ਰਾਜਯੋਗ। ਅਸੀ ਸਿੱਧ ਕਰ ਸਮਝਾਉਣ ਦੇ ਲਈ ਆਏ ਹਾਂ। ਬੱਚਿਆਂ ਨੂੰ ਸ਼ੋ ਕਰਨਾ ਹੈ। ਸਦੇਵ ਹਰਸ਼ਿਤਮੁੱਖ, ਅਚਲ, ਸਥਿਰ, ਮਸਤ ਰਹਿਣਾ ਚਾਹੀਦਾ ਹੈ। ਅੱਗੇ ਚਲ ਮਹਿਮਾ ਨਿਕਲਣੀ ਜਰੂਰ ਹੈ। ਤੁਸੀਂ ਸਭ ਹੋ ਤੇ ਬ੍ਰਹਮਾਕੁਮਾਰ ਕੁਮਾਰੀਆਂ। ਕੁਮਾਰੀ ਉਹ ਜੋ 21 ਜਨਮਾਂ ਦੇ ਲਈ ਬਾਪ ਤੋਂ ਵਰਸਾ ਦਿਲਵਾਏ। ਕੁਮਾਰੀਆਂ ਦੀ ਮਹਿਮਾ ਬਹੁਤ ਭਾਰੀ ਹੈ। ਮੁੱਖ ਕੁਮਾਰੀ ਤੁਹਾਡੀ ਮੰਮਾ ਹੈ। ਚੰਦਰਮਾ ਦੇ ਅੱਗੇ ਫਿਰ ਵਧੀਆ ਸਟਾਰ ਵੀ ਚਾਹੀਦਾ ਹੈ। ਇਹ ਗਿਆਨ ਸੂਰਜ ਹਨ। ਇਹ ਗੁਪਤ ਮੰਮਾ ਵੱਖ ਹੈ। ਇਸ ਰਾਜ਼ ਨੂੰ ਤੁਸੀ ਬੱਚੇ ਹੀ ਸਮਝਕੇ ਸਮਝਾ ਸਕਦੇ ਹੋ। ਉਸ ਮੰਮਾ ਦਾ ਨਾਮ ਵੱਖ ਹੈ, ਮੰਦਿਰ ਉਸ ਦੇ ਹਨ। ਇਸ ਗੁਪਤ ਬੁੱਢੀ ਮਾਂ ਦਾ ਮੰਦਿਰ ਥੋੜ੍ਹੀ ਹੀ ਹੈ। ਇਹ ਮਾਤਾ - ਪਿਤਾ ਕੰਬਾਇੰਡ ਹਨ। ਦੁਨੀਆ ਇਹ ਨਹੀਂ ਜਾਣਦੀ। ਸ਼੍ਰੀਕ੍ਰਿਸ਼ਨ ਤੇ ਹੋ ਨਹੀਂ ਸਕਦਾ। ਉਹ ਫਿਰ ਵੀ ਸਤਿਯੁਗ ਦਾ ਪ੍ਰਿੰਸ ਹੈ। ਸ਼੍ਰੀਕ੍ਰਿਸ਼ਨ ਦੇ ਵਿੱਚ ਭਗਵਾਨ ਆ ਨਹੀਂ ਸਕਦੇ। ਸਮਝਾਉਣਾ ਬਹੁਤ ਸਹਿਜ ਹੈ। ਗੀਤਾ ਦੇ ਭਗਵਾਨ ਦੀ ਮਹਿਮਾ ਵੱਖ ਹੈ। ਉਹ ਪਤਿਤ - ਪਾਵਨ ਸਾਰੀ ਦੁਨੀਆ ਦਾ ਗਾਈਡ, ਲਿਬ੍ਰੇਟਰ ਹੈ। ਮਨੁੱਖ ਚਿੱਤਰਾਂ ਤੋਂ ਸਮਝ ਜਾਣਗੇ ਕਿ ਬਰੋਬਰ ਪਰਮਾਤਮਾ ਦੀ ਮਹਿਮਾ ਵੱਖ ਹੈ, ਸਭ ਥੋੜੀ ਨਾ ਹੋ ਸਕਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੀ ਅਵਸਥਾ ਬੜੀ ਮਸਤ, ਅਚਲ ਅਡੋਲ ਬਣਾਉਣੀ ਹੈ। ਸਦਾ ਹਰਸ਼ਿਤ ਮੁੱਖ ਰਹਿਣਾ ਹੈ।

2. ਗਿਆਨ ਦੇ ਸ਼ੁੱਧ ਘਮੰਡ ( ਨਸ਼ੇ ) ਵਿੱਚ ਰਹਿ ਕੇ ਬਾਪ ਦਾ ਸ਼ੋ ਕਰਨਾ ਹੈ। ਗੀਤਾ ਦੇ ਭਗਵਾਨ ਨੂੰ ਸਿੱਧ ਕਰ ਬਾਪ ਦੀ ਸੱਚੀ ਪਹਿਚਾਣ ਦੇਣੀ ਹੈ।

ਵਰਦਾਨ:- ਸਮ੍ਰਿਤੀ ਸਵਰੂਪ ਬਣ ਵਿਸਮ੍ਰਿਤੀ ਵਾਲਿਆਂ ਨੂੰ ਸਮ੍ਰਿਤੀ ਦਵਾਉਣ ਵਾਲੇ ਸੱਚੇ ਸੇਵਾਧਾਰੀ ਭਵ।

ਆਪਣੇ ਸਮ੍ਰਿਤੀ ਸਵਰੂਪ ਫੀਚਰਜ ਦਵਾਰਾ ਹੋਰਾਂ ਨੂੰ ਸਮ੍ਰਿਤੀ ਸਵਰੂਪ ਬਨਾਉਣਾ ਇਹ ਹੀ ਸੱਚੀ ਸੇਵਾ ਹੈ। ਤੁਹਾਡੇ ਫੀਚਰਜ਼ ਹੋਰਾਂ ਨੂੰ ਸਮ੍ਰਿਤੀ ਦਿਲਾ ਦੇਣ ਕਿ ਮੈਂ ਆਤਮਾ ਹਾਂ, ਮਸਤਕ ਵਿਚ ਵੇਖਣ ਹੀ ਚਮਕਦੀ ਹੋਈ ਆਤਮਾ ਜਾਂ ਮਨੀ ਨੂੰ। ਜਿਵੇਂ ਸੱਪ ਦੀ ਮਨੀ ਵੇਖ ਕਰਕੇ ਸੱਪ ਦੇ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ, ਇਵੇਂ ਅਵਿਨਾਸ਼ੀ ਚਮਕਦੀ ਹੋਈ ਮਨੀ ਨੂੰ ਵੇਖ ਦੇਹਭਾਨ ਨੂੰ ਭੁੱਲ ਜਾਣ, ਅਟੈਂਸ਼ਨ ਖੁਦ ਆਤਮਾ ਦੇ ਵੱਲ ਜਾਵੇ। ਵਿਸਮ੍ਰਿਤੀ ਵਾਲਿਆਂ ਦੀ ਸਮ੍ਰਿਤੀ ਆ ਜਾਵੇ - ਤਾਂ ਕਹਾਂਗੇ ਸੱਚੇ ਸੇਵਾਧਾਰੀ।

ਸਲੋਗਨ:- ਅਵਗੁਣ ਧਾਰਨ ਕਰਨ ਵਾਲੀ ਬੁੱਧੀ ਦਾ ਨਾਸ਼ ਕਰ ਸਤੋਪ੍ਰਧਾਨ ਦਿਵਿਯ ਬੁੱਧੀ ਧਾਰਨ ਕਰੋ।

******